# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪੰਜਾਬ ਰਾਜ ਦੀਆਂ ਸਮੂਹ ਐਫੀਲੀਏਟਿਡ,
ਐਸੋਸੀਏਟਿਡ, ਆਦਰਸ ਸਕੂਲਜ਼।

ਨੰਬਰ: ਪਸਸਬ-ਐਫੀ:2018/ 2718 ਮਿਤੀ: 11/4/18

**ਵਿਸ਼ਾ: ਵਿੱਲਖਣ ਯੋਗਤਾ ਵਾਲੇ ਵਿਦਿਆਰਥੀਆਂ ਸਬੰਧੀ Display Board ਆਪਣੇ ਸਕੂਲਾਂ ਦੇ Entry Gate ਤੇ ਲਗਾਉਣ ਬਾਰੇ।**
**ਹਵਾਲਾ: ਪਸਸਬ-ਐਫੀ:2018/2604 ਮਿਤੀ: 03-04-2018 ਪੱਤਰ ਨੰਬਰ: 2633 ਮਿਤੀ: 05-04-2018 ਅਤੇ ਪੱਤਰ ਨੰਬਰ: ਪਸਸਬ-ਐਫੀ:2018/ 2659 ਮਿਤੀ: 10-04-2018**

ਉਪਰੋਕਤ ਵਿਸ਼ੇ/ਹਵਾਲੇ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ: 10-04-2018 ਤੱਕ ਹਰ ਹਾਲਤ ਵਿੱਚ Display Board ਲਗਾ ਕੇ ਦਫਤਰ ਨੂੰ ਐਫੀਲੀਏਸ਼ਨ ਸ਼ਾਖਾ ਦੀ ਮੇਲ ਆਈ.ਡੀ. branchaffiliation@gmail.com ਤੇ ਸੂਚਿਤ ਕਰਨ ਲਈ ਮਿਤੀ 10-04-2018 ਨੂੰ ਸ਼ਾਮ 4.00 ਵਜੇ ਤੱਕ ਦਾ ਸਮਾਂ ਦਿੱਤਾ ਗਿਆ ਸੀ। ਪ੍ਰੰਤੂ ਤੁਹਾਡੇ ਵੱਲੋਂ ਕੋਈ ਜਵਾਬ ਪ੍ਰਾਪਤ ਨਹੀ ਹੋਇਆ। ਇਸਦਾ ਦਫਤਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਕਿਉਂਕਿ ਇਹ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੈ। ਇਸ ਲਈ ਆਪ ਦੀ ਸੰਸਥਾ ਵਿਰੁੱਧ ਕਾਰਵਾਈ ਕਰਨ ਤੋਂ ਪਹਿਲਾਂ ਇਸ ਅੰਤਿਮ ਪੱਤਰ ਰਾਹੀਂ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 12-04-2018 ਨੂੰ ਸਵੇਰੇ 12.00 ਵਜੇ ਤੱਕ ਹਰ ਹਾਲਤ ਵਿੱਚ Display Board ਲਗਾ ਕੇ ਦਫਤਰ ਦੀ ਮੇਲ ਆਈ.ਡੀ. branchaffiliation@gmail.com ਅਤੇ psebmohali@gmail.com ਤੇ ਜਵਾਬ Display Board ਦੀ ਫੋਟੋ ਸਮੇਤ ਭੇਜਣਾ ਯਕੀਨੀ ਬਣਾਇਆ ਜਾਵੇ। ਮਿੱਥੇ ਸਮੇਂ ਵਿੱਚ ਜਵਾਬ ਨਾ ਭੇਜਣ ਦੀ ਸੂਰਤ ਵਿੱਚ ਤੁਹਾਨੂੰ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿੱਚ ਮਿਤੀ 17-04-2018 ਨੂੰ ਸਿੱਧੇ ਤੌਰ ਤੇ ਪੇਸ ਹੋ ਕੇ ਆਪਣਾ ਪੱਖ ਰੱਖਣਾ ਪਵੇਗਾ ਅਤੇ ਦਫ਼ਤਰ ਵੱਲੋਂ ਸੰਸਥਾ ਵਿਰੁੱਧ ਐਫੀਲੀਏਸਨ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਦੇ ਹੋਏ ਪਰਮ ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ ,ਪੰਜਾਬ ਸਕੂਲ ਸਿੱਖਿਆ ਬੋਰਡ।
11/4/18